5/AK

ਧੰਨ ਨਿਰੰਕਾਰ, ੧ ਓ ਸਤਿਗੁਰ ਪ੍ਰਸਾਦਿ ॥

Prof. Dr. Harnam Singh Shan
Principal Project Investigator
U.G.C. Research Project on Sikhism
605, Sector 16, Chandigarh.

ਅਰੁਨਾ
(ਸਪੁਤਰੀ ਡਾ: ਮਾਨ ਸਿੰਘ ਨਿਰੰਕਾਰੀ)

ਮਨਧੀਰ ਸਿੰਘ
(ਸਪੁਤਰ ਸ: ਹਰਬੰਸ ਸਿੰਘ)

— ਦੇ —

ਸ਼ੁਭ ਅਨੰਦ ਕਾਰਜ ਸਮੇਂ ਉਚਾਰੇ ਗਏ ।

4702

# ਸ਼ਬਦਾਂ ਦੀ ਲੜੀਵਾਰ ਤਰਤੀਬ

ਸ੍ਰੀ ਬਾਬਾ ਸਾਹਿਬ ਹਰਾ ਸਿੰਘ ਜੀ ਨਿਰੰਕਾਰੀ
ਦੀ ਅਗਵਾਈ ਹੇਠ

**14, ਡਾਕਟਰ ਐਵੇਨਿਊ ਮਜੀਠਾ ਰੋਡ,**
ਅੰਮ੍ਰਿਤਸਰ

ਐਤਵਾਰ ੨੭ ਫਰਵਰੀ ੧੯੬੬
ਸਵੇਰੇ ੯—੩੦ ਵਜੇ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

https://archive.org/details/namdhari

## ੧ ਧੰਨ ਧੰਨ ਨਿਰੰਕਾਰ

ਸਿਖ ਧਰਮ ਵਿਚ ਪ੍ਰਵਿਰਤੀ ਕਰਮ ਦੀ ਬੜੀ ਮਹਾਨਤਾ ਹੈ। ਪ੍ਰਵਿਰਤੀ ਦਾ ਭਾਵ (Creative activity) ਪ੍ਰਵਿਰਤੀ ਗ੍ਰਹਿਸਤ ਆਸ਼ਰਮ ਰਾਹੀਂ ਫਲਦੀ ਫੁਲਦੀ ਹੈ। ਪਹਿਲੀ ਲਾਵ ਵਿਚ ਗੁਰੂ ਰਾਮਦਾਸ ਜੀ ਨੇ ਪ੍ਰਵਿਰਤੀ ਕਰਮ ਦ੍ਰਿੜਾਇਆ ਹੈ।

ਗ੍ਰਹਿਸਤ ਆਸ਼ਰਮ ਨੂੰ ਧਾਰਨ ਕਰਨਾ ਜ਼ਿੰਦਗੀ ਦੀਆਂ ਜ਼ਿਮੇਵਾਰੀਆਂ ਧਰਮ ਅਨੁਸਾਰ ਨਿਭਾਉਣ ਲਈ ਤਿਆਰ ਹੋਣ ਦੀ ਪਹਿਲੀ ਪਉੜੀ ਹੈ। ਸੰਸਾਰ ਨੂੰ ਤਿਆਗ ਕੇ ਸਾਧੂ ਹੋ ਜਾਣਾ, ਦੁਨੀਆਂ ਛਡ ਕੇ ਜੰਗਲਾਂ ਨੂੰ ਟੁਰ ਜਾਣਾ, ਜ਼ਿੰਦਗੀ ਦੀਆਂ ਜ਼ਿਮੇਵਾਰੀਆਂ ਨੂੰ ਨਿਭਾਉਣ ਤੋਂ ਮੂੰਹ ਫੇਰ ਲੈਣਾ ਸਿਖ ਧਰਮ ਦੇ ਅਨਕੂਲ ਨਹੀਂ। ਗ੍ਰਹਿਸਤ ਧਰਮ ਕੁਦਰਤ ਦੀ ਮਨਸ਼ਾ ਦੇ ਅਨੁਸਾਰ ਜ਼ਿੰਦਗੀ ਨੂੰ ਢਾਲਨਾ ਹੈ। ਕਾਦਰ ਦੀ ਕੁਦਰਤ ਵਿਚ ਪੁਰਸ਼ ਤੇ ਇਸਤਰੀ ਦੀ ਹੋਂਦ ਇਸ ਅਸੂਲ ਦੀ ਸਦੀਵੀ ਗੁਆਹੀ ਹੈ।

ਗ੍ਰਹਿਸਤ ਆਸ਼ਰਮ ਦੀ ਨੀਂਹ, ਤਿਆਗ ਸਤਿਕਾਰ ਤੇ ਸੇਵਾ ਜਹੇ ਉੱਚੇ ਦੈਵੀ ਗੁਣਾ ਤੇ ਰਖੀ ਗਈ ਹੈ। ਮਨੁੱਖ ਆਪਣੇ ਪ੍ਰਵਾਰ ਲਈ ਤਨ ਮਨ ਧਨ ਵਾਰਣ ਲਈ ਤਤਪਰ ਰਹਿੰਦਾ ਹੈ। ਗ੍ਰਹਿਸਤ ਆਸ਼ਰਮ ਇਕ ਟਕਸਾਲ ਹੈ। ਇਕ ਸਕੂਲ ਹੈ ਜਿਥੋਂ ਸਾਨੂੰ ਸਦਾ ਸਤਿਕਾਰ ਸੇਵਾ ਤੇ ਤਿਆਗ ਦੀ ਪ੍ਰੇਰਨਾ ਮਿਲਦੀ ਹੈ। ਮਨੁੱਖ ਇਹਨਾਂ ਗੁਣਾ ਨੂੰ ਧਾਰਨ ਕਰ ਕੇ, ਇਹਨਾਂ ਗੁਣਾਂ ਦੇ ਵਰਤਣ ਦਾ ਘੇਰਾ ਜੇਕਰ ਹੋਰ ਮੋਕਲਾ ਕਰੇ ਅਤੇ ਪੰਥ ਤੇ ਦੇਸ਼ ਦੀ ਭਲਾਈ ਲਈ ਸੇਵਾ ਤੇ ਤਿਆਗ ਦਾ ਜਜ਼ਬਾ ਆਪਣੇ ਮਨ ਵਿਚ ਪੈਦਾ ਕਰੇ ਤਾਂ ਮਨੁੱਖ ਇਹੀ ਅਨੁਭਵ ਕਰਨ ਲਗਦਾ ਹੈ ਕਿ ਸੰਸਾਰ ਇਕ ਵੱਡਾ ਕਬੀਲਾ ਹੈ। ਅਸੀਂ ਇਕ ਦੂਜੇ ਨਾਲ ਮਨੁਖਤਾ ਦੇ ਰਿਸ਼ਤੇ ਨਾਤੇ ਦੀ ਸਾਂਝੀ ਲੜੀ ਵਿਚ ਪ੍ਰੋਤੇ ਹੋਏ ਹਾਂ।

ਭਾਈ ਗੁਰਦਾਸ ਜੀ ਨੇ ਬੜੇ ਖੂਬਸੂਰਤ ਸ਼ਬਦਾਂ ਵਿਚ ਗ੍ਰਹਿਸਤ ਆਸ਼ਰਮ ਦੀ ਮਹਾਨਤਾ ਦਾ ਇਉਂ ਵਰਨਣ ਕੀਤਾ ਹੈ।

**ਜੈਸੇ ਸਰ ਸਰਿਤਾ ਸਕਲ ਮੈਂ ਸਮੁੰਦ ਬਡੋ**
**ਮੇਰ ਮੈਂ ਸੁਮੇਰ ਬਡੋ ਜਗਤ ਬਖਾਨ ਹੈ ॥**



Sri Satguru Jagjit Singh Ji eLibrary NamdhariElibrary@gmail.com

ਤਰਵਰ ਬਿਖੈ ਜੈਸੇ ਚੰਦਨ ਬਿਰਖ ਬਡੋ
ਧਾਂਤ ਮੈ*ਕਨਕ ਅਤਿ ਉਤਮ ਕੈ ਮਾਨ ਹੈ ॥
ਪੰਛਿਨ ਮੈਂ ਹੰਸ ਮ੍ਰਿਗ ਰਾਜਨ ਮੈਂ ਸਾਰਦੂਲ
ਰਾਗਨ ਮੈਂ ਸਿਰੀ ਰਾਗ‡ਪਾਰਸ ਪਾਖਾਨ ਹੈ ॥
ਗਜਾਨਨ ਮੈਗਜਾਨ ਅਰ ਧਜਾਨਨ ਮੈਂ ਧਜਾਨ ਗੁਰ
ਸਕਲ ਧਰਮ ਮੈਂ ਗ੍ਰਿਹਸਤ ਪ੍ਰਧਾਨ ਹੈ ॥

ਗ੍ਰਹਿਸਤ ਦੀ ਜ਼ਿੰਦਗੀ ਧਰਮ ਅਨੁਸਾਰ ਨਿਭਾਉਣਾ ਇਕ ਕਠਨ ਤਪੱਸਿਆ ਹੈ। ਸਜਮ ਇਸ ਦੀ ਚੂਲ ਹੈ। ਅਜ ਸਾਡੇ ਬੱਚੇ ਤੇ ਬੱਚੀ ਨੇ ਸੰਗਤ ਦੀ ਹਜ਼ੂਰੀ ਵਿਚ ਕੁਝ ਪ੍ਰੱਣ ਨਿਭਾਉਣ ਦਾ ਵਚਨ ਦੇਣਾ ਹੈ। ਇਹ ਚਾਰ ਉਪਦੇਸ਼ 'ਨਿਰੰਕਾਰੀ ਚਲਨ ਦੇ ਚਿਠੇ' ਵਿਚ ੧੧੧ ਸਾਲ ਪਹਿਲਾਂ ਸਾਹਿਬ ਦਰਬਾਰਾ ਸਿੰਘ ਜੀ ਦੀ ਆਗਿਆ ਅਨੁਸਾਰ ਅੰਕਤ ਕੀਤੇ ਗਏ।

## ਸਤਿਗੁਰਾਂ ਦਾ ਪਹਿਲਾ ਉਪਦੇਸ਼ :

ਇਕ ਨਿਰੰਕਾਰ ਅਕਾਲ ਪੁਰਖ ਦਾ ਜਾਪ ਜਪਣਾ ਜੋ ਸਰਬ ਸ਼ਕਤੀਮਾਨ ਕਰਤਾ ਪੁਰਖ, ਨਿਰਭਉ, ਨਿਰਵੈਰ ਹੈ। ਅਕਾਲ ਪੁਰਖ ਸਾਰੇ ਦੈਵੀ ਗੁਣਾਂ ਦਾ ਖਜ਼ਾਨਾ ਹੈ। ਇਹ ਸਦਾਚਾਰਕ ਚੰਗਿਆਈਆਂ ਦਾ ਸੋਮਾ ਹੈ। ਨਿਰੰਕਾਰ ਨੂੰ ਹਰ ਸਮੇਂ ਚਿਤਾਰਨ ਨਾਲ ਸ਼ੁਭ ਗੁਣ ਗ੍ਰਹਿਣ ਕਰਨ ਲਈ ਮਨ ਨੂੰ ਪ੍ਰੇਰਨਾ ਮਿਲਦੀ ਹੈ। ਨਿਰੰਕਾਰ ਦਾ ਸਿਮਰਨ ਮਨੁੱਖੀ ਜੀਵਨ ਦੀ ਕਿਸ਼ਤੀ ਨੂੰ ਸੰਸਾਰ ਦੇ ਬਿਖੜੇ ਸਮੁੰਦਰੀ ਰਾਹਵਾਂ ਤੇ ਇਕ ਚਾਨਣ ਮੁਨਾਰੇ ਦਾ ਕੰਮ ਦੇਂਦਾ ਹੈ। ਗੁਰੂ ਜੀ ਫ਼ਰਮਾਂਦੇ ਹਨ :

ਇਕ ਊਪਰ ਜਿਸ ਜਨ ਕੀ ਆਸਾ ॥
ਤਿਸ ਦੀ ਕਟੀਐ ਜਮ ਕੀ ਫਾਸਾ ॥

ਇਕ ਨਿਰੰਕਾਰ ਜੋ ਸਭ ਸ਼ਕਤੀਆਂ ਦਾ ਮੰਬਾ ਹੈ ਉਸ ਦੀ ਬਾਦਸ਼ਾਹਤ ਵਿਚ ਅਸੀਂ ਸਭ ਸਮਾਨ ਸ਼ਹਿਰੀ ਹਾਂ। ਸਾਰੇ ਇਨਸਾਨ ਉਸ ਦੀ ਸੰਤਾਨ ਹੋਣ ਦੇ ਨਾਤੇ ਭਾਈ ਭਾਈ ਤੇ ਇਕੋ ਮਾਂ ਪਿਉ ਜਾਏ ਹਾਂ। ਸੰਸਾਰ ਦੀ ਏਕਤਾ ਦੀ ਕੁੰਜੀ ਇਕ ਵਾਹਿਗੁਰੂ ਤੇ ਭਰੋਸਾ ਰਖਣਾ ਹੈ। ਉਸ ਨੂੰ ਹਾਜ਼ਰ ਨਾਜ਼ਰ ਜਾਣ ਕੇ ਹਰ ਵੇਲੇ ਉਸ ਨੂੰ ਚਿਤਵਨਾ ਹੈ। ਨਿਰੰਕਾਰ ਦੇ ਨਾਮ ਰੂਪੀ ਅੰਮ੍ਰਿਤ ਨੂੰ ਹਰ ਰੋਜ਼ ਚਖਣਾ ਹੈ। ਗੁਰੂ ਜੀ ਫਰਮਾਂਦੇ ਹਨ :

---

*ਸੋਨਾ। ‡ਪਥਰਾਂ 'ਚੋਂ ਪਾਰਸ ਵਡਾ ਹੈ।



Sri Satguru Jagjit Singh Ji eLibrary NamdhariElibrary@gmail.com

"ਸੁਰ ਨਰ ਮੁਨ ਜਨ ਅੰਮ੍ਰਿਤ ਖੋਜਦੇ ਸੋ ਅੰਮ੍ਰਿਤ ਗੁਰ ਤੇ ਪਾਇਆ ॥"

ਗੁਰੂ ਪਾਸੋਂ ਨਾਮ ਰੂਪੀ ਅੰਮ੍ਰਿਤ ਮਿਲਦਾ ਹੈ। ਇਸ ਅੰਮ੍ਰਿਤ ਨੂੰ ਛਕਣ ਦੀ ਗੁਰਬਾਣੀ ਵਿਚ ਬਾਰ ਬਾਰ ਤਾਕੀਦ ਕੀਤੀ ਗਈ ਹੈ।

## ਦੂਸਰਾ ਉਪਦੇਸ਼ :

### 'ਦਸਾਂ ਨੌਹਾਂ ਦੀ ਕਿਰਤ ਕਰਨੀ' (Honest earnings)

ਹਕ ਹਲਾਲ ਦੀ ਕਮਾਈ ਲਈ ਹੀਲਾ ਕਰਨਾ ਹੈ। ਕਿਰਤ ਹੀ ਮਨੁੱਖ ਨੂੰ ਵੱਡਾ ਛੋਟਾ ਬਣਾਂਦੀ ਹੈ। ਚੰਗੀ ਕਿਰਤ ਨਾਲ ਮਨੁਖ ਦੀ ਜ਼ਿੰਦਗੀ ਸਵਛ ਹੁੰਦੀ ਹੈ ਤੇ ਪਾਪਾਂ ਦੀ ਪੰਡ ਹੌਲੀ ਹੁੰਦੀ ਹੈ। ਮਾੜੀ ਕਿਰਤ ਆਦਮੀ ਨੂੰ ਪਸ਼ੂ ਬਣਾ ਦੇਂਦੀ ਹੈ।

"ਘਾਲ ਖਾਏ ਕਿਛ ਹਥੋ ਦੇਇ ॥ ਨਾਨਕ ਰਾਹ ਪਛਾਣੈ ਸੇਇ ॥"

ਵੰਡ ਛਕਣਾ ਹੈ ਤੇ ਸਭ ਦਾ ਭਲਾ ਮੰਗਣਾ ਹੈ। ਇਹ ਸਿਖੀ ਦਾ ਸੋਸ਼ਲਿਜਮ ਹੈ। ਹਮੇਸ਼ਾਂ ਅਰਦਾਸ ਦੀ ਅੰਤਮ ਪੰਗਤੀ ਯਾਦ ਰਖੋ।

'ਨਾਨਕ ਨਾਮ ਦੀ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ ॥'

## ਤੀਜਾ ਉਪਦੇਸ਼ :

### 'ਵਿਕਾਰਾਂ ਦਾ ਤਿਆਗ ਕਰਨਾ'

ਜੇਕਰ ਆਪ ਪਿਛੇ ਕਹੇ ਉਪਦੇਸ਼ਾਂ ਨੂੰ ਮੰਨ ਕੇ ਚਲੋਗੇ ਤਾਂ ਵਿਕਾਰ ਆਪਣੇ ਆਪ ਤੁਹਾਡੇ ਨਾਲੋਂ ਝੜ ਜਾਣਗੇ। ਆਤਮਾ ਸਵਛ ਗੰਗਾ ਦੇ ਨੀਰ ਵਾਂਗ ਉਜਲ ਹੋ ਜਾਵੇਗੀ। ਵਿਕਾਰਾਂ ਤੋਂ ਬਚਨ ਲਈ ਗੁਰ ਸ਼ਬਦ ਦੀ ਪ੍ਰੇਰਨਾ ਲੈਣੀ ਜ਼ਰੂਰੀ ਹੈ।

'ਮਨ ਲੋਚੈ ਬੁਰਿਆਈਆ ਗੁਰ ਸ਼ਬਦੀ ਇਹ ਮਨ ਹੋੜੀਏ ।'

ਗੁਰਬਾਣੀ ਦਾ ਆਸਰਾ ਤੇ ਓਟ ਹਰ ਕੰਮ ਵਿਚ ਲੈਣੀ ਹੈ। ਇਕ ਦੂਜੇ ਦਾ ਵਫ਼ਾਦਾਰ ਹੋ ਕੇ ਰਹਿਣਾ ਹੈ। ਜੋ ਟਰਸਟ (Trust) ਤੁਹਾਡੇ ਹਵਾਲੇ ਕੀਤਾ ਜਾ ਰਿਹਾ ਹੈ ਉਸ ਨੂੰ ਪ੍ਰਾਣਾਂ ਦੇ ਅੰਤ ਤਕ ਨਿਭਾਉਣਾ ਹੈ। ਦਸਮ ਪਾਤਸ਼ਾਹ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਉਹ ਸ਼ਬਦ ਜੋ ਉਹਨਾਂ ਆਪਣੇ ਲਾਡਲੇ ਪੁਤਰ ਗੋਬਿੰਦ ਰਾਇ ਜੀ ਨੂੰ ਸੰਬੋਦਨ ਕਰਕੇ ਕਹੇ ਸਨ ਉਹ ਦਸਮ ਪਾਤਸ਼ਾਹ ਇਸ ਤਰ੍ਹਾਂ ਵਰਨਣ ਕਰਦੇ ਹਨ :—



Sri Satguru Jagjit Singh Ji eLibrary NamdhariElibrary@gmail.com

ਸੁਧ ਜਬ ਤੇ ਹਮ ਧਰੀ ਬਚਨ ਗੁਰਦਏ ਹਮਾਰੇ ॥
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟਿ ਥਾਰੇ ॥
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੀਅਹੁ ॥
ਪਰ ਨਾਰੀ ਕੀ ਸੇਜ ਭੂਲ ਸੁਪਨੇਹੂ ਨ ਜਈਅਹੁ ॥

## ਚੌਥਾ ਉਪਦੇਸ਼ :

### 'ਮਾਤਾ ਪਿਤਾ ਦੀ ਟਹਿਲ ਕਰਨੀ'

ਆਪਣੇ ਬਜ਼ੁਰਗਾਂ ਦਾ ਆਦਰ ਤੇ ਸਤਿਕਾਰ ਕਰਨਾ, ਉਹਨਾਂ ਦੀ ਸੇਵਾ ਸੰਭਾਲ ਕਰਨੀ। ਤੁਸਾਂ ਇਹੋ ਜਿਹੀ ਮਸਾਲ ਪੈਦਾ ਕਰਨੀ ਹੈ ਜੋ ਆਉਣ ਵਾਲੀਆਂ ਨਸਲਾਂ ਨੂੰ ਚੰਗੀ ਵਿਕਾਸ਼ ਦੀ ਰਾਹ ਤੇ ਚਲਣ ਦੀ ਪ੍ਰੇਰਨਾ ਦੇਵੇ। ਜ਼ਿੰਦਗੀ ਦਾ ਪ੍ਰਵਾਹ ਅਗੇ ਨੂੰ ਤੁਰ ਰਿਹਾ ਹੈ, ਨੇਕੀ, ਸੇਵਾ ਦਾ ਪ੍ਰਭਾਵ ਹੀ ਪਿਛੇ ਛਡ ਜਾਣਾ ਹੈ।

ਵਿਚ ਦੁਨੀਆ ਸੇਵ ਕਮਾਈਐ ਤਾਂ ਦਰਗਹਿ ਬੈਸਣ ਪਾਈਐ ॥

ਇਹਨਾਂ ਚਵਾਂ ਉਪਦੇਸ਼ਾਂ ਤੇ ਚਲਣ ਦਾ ਹਮੇਸ਼ਾਂ ਯਤਨ ਕਰਦੇ ਰਹਿਣਾ ਤਾਂ ਜੋ ਜ਼ਿੰਦਗੀ ਦਾ ਬਿਖੜਾ ਪੰਧ ਸੁਖਾਲਾ ਹੋ ਜਾਵੇ।

ਇਹਨਾਂ ਚਵਾਂ ਉਪਦੇਸ਼ਾਂ ਤੇ ਚਲਣ ਦਾ ਪ੍ਰਣ ਧਾਰਨ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨਿਮਸ਼ਕਾਰ ਕਰੋ ਤਾਂ ਜੋ ਸਤਿਗੁਰੂ ਤੁਹਾਨੂੰ ਇਹਨਾਂ ਉਪਦੇਸ਼ਾਂ ਤੇ ਚਲਣ ਦਾ ਬਲ ਤੇ ਬੁੱਧੀ ਬਖਸ਼ੇ।

ਅਨੰਦ ਕਾਰਜ, ਦੀ ਸੁਭਾਗ ਮਰਯਾਦਾ ਦੀ ਇਕ ਸੌ ਯਾਰ੍ਹਵੀਂ ਵਰ੍ਹੇ ਗੰਢ ੧੪ ਮਾਰਚ ਚੇਤਰ ਦੀ ਸੰਗਰਾਂਦ ਨੂੰ ਹੋਵੇਗੀ। ਨਿਰੰਕਾਰੀ ਲਹਿਰ ਦੇ ਮੋਢੀ ਸ੍ਰੀ ਸਤਿਗੁਰੁ ਦਿਆਲ ਜੀ ਦੇ ਜੋਤੀ ਜੋਤ ਸਮਾਉਣ ਦੇ ਕੋਈ ਡੇਢ ਮਹੀਨੇ ਮਗਰੋਂ ਉਨ੍ਹਾਂ ਦੇ ਉਤਰ-ਅਧਿਕਾਰੀ ਸਪੁਤ੍ਰ ਸਾਹਿਬ ਦਰਬਾਰਾ ਸਿੰਘ ਜੀ ਨੇ ਨਿਰੰਕਾਰੀ ਦਰਬਾਰ ਰਾਵਲਪਿੰਡੀ ਵਿਚ ੧੩ ਮਾਰਚ ਸੰਨ ੧੮੫੫ ਦੇ ਦਿਨ ਸੰਗਤ ਦੇ ਇਕ ਭਾਰੀ ਦੀਵਾਨ ਵਿਚ ਅਨੰਦ ਵਿਵਾਹ ਮਰਯਾਦਾ ਨੂੰ ਪਹਿਲੀ ਵਾਰ ਅਰੰਭ ਕੀਤਾ। ਇਸ ਵਿਲਖਣ ਮਰਯਾਦਾ ਨਾਲ ਵਿਵਾਹ ਕਰਨ ਦੀ ਖਬਰ ਸਾਰੇ ਇਲਾਕੇ ਵਿਚ ਫੈਲ ਗਈ ਤੇ ਰਾਵਲਪਿੰਡੀ ਦੇ ਹਿੰਦੂ ਸਿਖ ਸਮਾਜ ਵਲੋਂ ਇਸ ਦੀ ਕਰੜੀ ਵਿਰੋਧਤਾ ਸ਼ੁਰੂ ਹੋ ਗਈ। ਸਾਹਿਬ ਦਰਬਾਰਾ ਸਿੰਘ ਜੀ ਨੂੰ ਕੁਰਾਹੀ ਆਖਿਆ ਗਿਆ ਤੇ ਬਰਾਦਰੀ ਤੋਂ ਛੇਕ ਦਿਤਾ ਗਿਆ। ਧੰਨ ਸੀ ਉਨ੍ਹਾਂ ਦੀ ਦ੍ਰਿੜ੍ਹਤਾ ਤੇ ਦਲੇਰੀ, ਜੋ ਸਭ



Sri Satguru Jagjit Singh Ji eLibrary NamdhariElibrary@gmail.com

ਕਠਨਾਈਆਂ ਨੂੰ ਖਿੜੇ ਮਥੇ ਸਹਾਰਦੇ ਗਏ ਤੇ ਅਨੰਦ ਵਿਵਾਹ ਮਰਯਾਦਾ ਪ੍ਰਚਾਰਨ ਦਾ ਜੋ ਬੀੜਾ ਉਹਨਾਂ ਉਠਾਇਆ ਸੀ, ਉਸ ਵਿਚ ਸਫਲਤਾ ਪ੍ਰਾਪਤ ਹੋਈ। ਪਿਛੋਂ ਸਾਰੇ ਸਿਖ ਸਮਾਜ ਨੇ ਇਸ ਮਰਯਾਦਾ ਨੂੰ ਸਹਜੇ ਸਹਜੇ ਪ੍ਰਵਾਨ ਕਰ ਲਿਆ। ਇਹ ਇਕ ਇਤਿਹਾਸਕ ਸਚਾਈ ਹੈ ਕਿ ਸਾਹਿਬ ਦਰਬਾਰਾ ਸਿੰਘ ਜੀ ਨੇ ਗੁਰੂ ਦੀ ਨਗਰੀ ਸ੍ਰੀ ਅੰਮ੍ਰਿਤਸਰ ਵਿਚ ਪਹਿਲਾ ਅਨੰਦ ਵਿਵਾਹ ਸੰਨ ੧੮੬੨ ਵਿਚ ਮਹੰਤ ਦਿਆਲ ਦਾਸ ਦੇ ਗੁਰਦਵਾਰੇ ਵਿਚ ਕੀਤਾ। ਸ੍ਰੀ ਅਕਾਲ ਤਖਤ ਦੇ ਜਥੇਦਾਰ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਉਸ ਵੇਲੇ ਦੇ ਕਰਮਚਾਰੀਆਂ ਨੇ ਮਹਾਰਾਜ ਨੂੰ ਸ੍ਰੀ ਅਕਾਲ ਤਖਤ ਦੀ ਹਜ਼ੂਰੀ ਵਿਚ ਅਨੰਦ ਵਿਵਾਹ ਕਰਨ ਦੀ ਮਨਾਹੀ ਕਰ ਦਿਤੀ ਸੀ। ਲਾਹੌਰ, ਗੁਜਰਾਂਵਾਲਾ, ਕੈਥਲਪੁਰ, ਜੇਹਲਮ, ਗੁਜਰਾਤ ਵਿਚ ਪਹਿਲਾਂ ਗੁਰਮਤਿ ਅਨੁਸਾਰ ਵਿਵਾਹ ਨਿਰੰਕਾਰੀ ਦਰਬਾਰ ਦੀ ਅਗਵਾਈ ਹੇਠ ਹੋਇਆ। ਮਹਾਰਾਜ ਦਰਬਾਰਾ ਸਿੰਘ ਜੀ ਦੀ ਅਨੰਦ ਵਿਵਾਹ ਮਰਯਾਦਾ ਸਿਖ ਪੰਥ ਨੂੰ ਇਕ ਅਮੁਲੀ ਤੇ ਸਦੀਵੀ ਦੇਣ ਹੈ।

ਹੁਣ ਵਿਵਾਹ ਦੀ ਮਰਯਾਦਾ ਅਰਦਾਸ ਕਰਨ ਮਗਰੋਂ ਅਰੰਭ ਹੋਵੇਗੀ—

## ਸਿਰੀ ਰਾਗ ਕੀ ਵਾਰ (ਪਉੜੀ)

੧. ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ ਸਤਿਗੁਰੁ ਸਚੁ ਸਾਖੀਐ ॥
ਸੰਤਾਂ ਸੰਗਿ ਨਿਧਾਨ ਅੰਮ੍ਰਿਤ ਚਾਖੀਐ ॥
ਭੈ ਭੰਜਨ ਮਿਹਰਵਾਨ ਦਾਸਕੀ ਰਾਖੀਐ ॥
ਨਾਨਕ ਹਰਿਗੁਣ ਗਾਇ ਅਲਖ ਪ੍ਰਭੁ ਲਾਖੀਐ ॥

## ਸਲੋਕ ਮਹਲਾ ੫

੨. ਉਸਤਤਿ ਨਿੰਦਾ ਨਾਨਕ ਜੀ ਮੈ ਹਭੁ ਵੰਞਾਈ ਛੋੜਿਆ ਸਭਿ ਕਿਛੁ ਤਿਆਗੀ ॥
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ ॥

'ਸੰਤਾ ਦੇ ਕਾਰਜ ਆਪ ਖਲੋਇਆ' ਦੀ ਮਧੁਰ ਧੁਨੀ ਗਾਂਦਿਆਂ ਚਾਰ ਪ੍ਰਦਖਣਾਂ ਲਈਆਂ ਜਾਣਗੀਆਂ। ਇਸ ਤੋਂ ਉਪਰੰਤ ਜੋੜੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠ ਕੇ ਲਾਵਾਂ ਵਿਖੇ ਦ੍ਰਿੜ੍ਹ ਕਰਾਏ ਉਪਦੇਸ਼ ਸੁਣੇਗੀ।



Sri Satguru Jagjit Singh Ji eLibrary NamdhariElibrary@gmail.com

## ਸੂਹੀ ਮਹਲਾ ੫

੩. ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥ ੧ ॥
ਨਵਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥
ਖਾਤ ਖਰਚਤ ਬਿਲਛਤ ਸੁਖ ਪਾਇਆ ਕਰਤੇ ਕੀ ਦਾਤ ਸਵਾਈ ਰਾਮ ॥
ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰ ਜਾਮੀ ਪਾਇਆ ॥
ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੇ ਆਇਆ ॥
ਸਾਂਤਿ ਸਹਜ ਅਨੰਦ ਘਨੇਰੇ ਬਿਨਸੀ ਭੂਖ ਸਬਾਈ ॥
ਨਾਨਕ ਗੁਣ ਗਾਵਹਿ ਕਰਤੇ ਕੇ ਅਚਰਜ ਜਿਸੁ ਵਡਿਆਈ ॥ ੨ ॥
ਜਿਸਕਾ ਕਾਰਜ ਤਿਨਹੀ ਕੀਆ ਮਾਣਸ ਕਿਆ ਵੇਚਾਰਾ ਰਾਮ ॥
ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈ ਕਾਰਾ ਰਾਮ ॥
ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧ ਸੰਗਤ ਸੰਗ ਬਨੀ ॥
ਜਿਨਿ ਉਦਮੁ ਕੀਆ ਤਾਲ ਕੇਰਾ ਤਿਸਕੀ ਉਪਮਾ ਕਿਆ ਗਨੀ ॥
ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥
ਪਤਿਤ ਪਾਵਨ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥ ੩ ॥
ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨ ਕਰੀਜੈ ਰਾਮ ॥
ਸੰਤਾ ਕੀ ਬੇਨੰਤੀ ਸੁਆਮੀ ਨਾਮ ਮਹਾ ਰਸ ਦੀਜੈ ਰਾਮ ॥
ਨਾਮ ਦੀਜੈ ਦਾਨ ਕੀਜੈ ਬਿਸਰੁ ਨਾਹੀ ਇਕ ਖਿਨੋ ॥
ਗੁਣ ਗੁਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥
ਜਿਸੁ ਪ੍ਰੀਤ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਪੀਜੈ ॥
ਬਿਨਵੰਤ ਨਾਨਕ ਇਛ ਪੁਨੀ ਪੇਖਿ ਦਰਸਨ ਜੀਜੈ ॥੪॥੭॥੧੦॥



Sri Satguru Jagjit Singh Ji eLibrary NamdhariElibrary@gmail.com

## ਸੂਹੀ ਮਹਲਾ ੪

੪. ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲ ਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵਪਹਿਲੀ ਆਰੰਭੁਕਾਜੁ ਰਚਾਇਆ ॥ ੧ ॥

ਸੂਹੀ ਰਾਗ ਵਿਚ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਲਾਵਾਂ ਦੀ ਉਦਾਹਰਣ ਦੇ ਕੇ ਜੀਵਨ ਦਾ ਆਦਰਸ਼ ਦਰਸਾਇਆ ਹੈ। ਆਤਮਾ ਦਾ ਨਿਰੰਕਾਰ ਨਾਲ ਮਿਲਾਪ ਹੋਣਾ ਹੀ ਜ਼ਿੰਦਗੀ ਦਾ ਆਦਰਸ਼ ਮੰਨਿਆ ਹੈ। ਇਸ ਮੇਲ ਦੀ ਸੰਪੂਰਨਤਾ ਲਈ ਕੁਝ ਸਾਧਨ ਦਸੇ ਹਨ ਜਿਨ੍ਹਾਂ ਦਾ ਵਰਨਣ ਲਾਵਾਂ—ਵੇਦੀ ਦੇ ਗਿਰਦ ਫੇਰੇ—ਪ੍ਰਕਰਮਾਂ ਦੀ ਉਦਾਹਰਣ ਸਾਹਮਣੇ ਰਖ ਕੇ ਵਰਨਣ ਕੀਤਾ ਹੈ। ਸਦਾਚਰਕ ਗੁਣਾਂ ਨੂੰ ਗ੍ਰਹਿਣ ਕਰਨ ਲਈ ਸਤਿਗੁਰਾਂ ਨੇ ਪ੍ਰਵਿਰਤੀ ਕਰਮ ਤੇ ਜ਼ੋਰ ਦਿਤਾ ਹੈ। ਪ੍ਰਵਿਰਤੀ ਦਾ ਭਾਵ ਹੈ (Creative activity) ਸੰਸਾਰ ਇਕ ਰਣ-ਭੂਮੀ ਹੈ। ਇਥੇ ਸੂਰਮਿਆਂ ਵਾਂਗ ਸੱਚ, ਸੇਵਾ ਤੇ ਨੇਕੀ ਦੀ ਤਲਵਾਰ ਹੱਥ ਵਿਚ ਲੈ— ਝੂਠ, ਕਪਟ, ਪਖੰਡ ਦੇ ਵਿਰੁਧ ਯੁਧ ਲੜਨਾ ਹੈ। ਜ਼ਿੰਦਗੀ ਨਾਲ ਘੋਲ ਕਰਨਾ ਹੈ। ਪਹਿਲਵਾਨ ਉਹੀ ਹੁੰਦਾ ਹੈ ਜੋ ਅਖਾੜੇ ਵਿਚ ਨਿਤਰੇ, ਅਖਾੜੇ ਤੋਂ ਭਜ ਉਠਣਾ ਬੁਜ਼ਦਿਲੀ ਤੇ ਕਾਇਰਤਾ ਹੈ. ਜ਼ਿੰਦਗੀ ਦੇ ਸੰਗਰਾਮ ਵਿਚ ਭਾਗ ਲੈਣਾ ਪ੍ਰਵਿਰਤੀ ਕਰਮ ਹੈ। ਅਸਾਂ ਆਪਣੇ ਵਿਹਾਰਾਂ ਨੂੰ ਧਰਮ ਅਨੁਸਰ ਚਲਾਣਾ ਹੈ। ਕਪਟ, ਛਲ, ਫਰੇਬ ਨੂੰ ਅਧਰਮ ਤੇ ਪਾਪ ਸਮਝ ਕੇ ਤਿਆਗਣਾ ਹੈ। ਧਰਮ ਅਨੁਸਾਰ ਕੰਮ ਕਰਨ ਨਾਲ ਸਾਡੀ ਕਿਸਮਤ ਜਾਗੇਗੀ। ਸਾਡੇ ਅੰਤਰ ਆਤਮੇ ਵਿਚ ਅਨੰਦ ਤੇ ਖੁਸ਼ੀਆਂ ਦੇ ਸੋਮੇ ਫੁਟਣਗੇ, ਸਾਡੀ ਜ਼ਿੰਦਗੀ ਸਾਵੇਂ ਤੋਲ ਰਹੇਗੀ, ਉਲਾਰ ਨਹੀਂ ਹੋਵੇਗੀ।

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿਰਾਮ ਜੀਉ ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥
ਹਰਿ ਆਤਮਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥ ੨ ॥



Sri Satguru Jagjit Singh Ji eLibrary NamdhariElibrary@gmail.com

ਗੁਰੂ ਰਾਹੀਂ ਗਿਆਨ ਦੇ ਪ੍ਰਕਾਸ਼ ਦੀ ਪ੍ਰਾਪਤੀ ਦਾ ਜ਼ਿਕਰ ਹੈ। ਗਿਆਨ ਦੇ ਪ੍ਰਕਾਸ਼ ਹੋਣ ਨਾਲ ਡਰ ਦਾ ਹਨੇਰਾ ਦੂਰ ਹੋ ਜਾਂਦਾ ਹੈ। ਨਿਰੰਕਾਰ ਬਿਨਾਂ ਹੋਰ ਕਿਸੇ ਦਾ ਮਨ ਵਿਚ ਖੌਫ ਨਹੀਂ ਰਹਿੰਦਾ। ਸਦਾਚਾਰ ਤੇ ਧਰਮ ਦੀ ਜ਼ਿੰਦਗੀ ਨਿਭਾਉਣ ਵਾਲੇ ਪੁਰਸ਼ ਇਕ ਅਕਾਲ ਪੁਰਖ ਦੇ ਸੁਖਾਵੇਂ ਡਰ ਵਿਚ ਜ਼ਿੰਦਗੀ ਗੁਜ਼ਾਰਦੇ ਹਨ। ਹੋਰ ਕੋਈ ਦੁਨਿਆਵੀ ਡਰ ਉਹਨਾਂ ਦੀ ਆਤਮਾ ਨੂੰ ਔਖਾ ਨਹੀਂ ਕਰਦਾ। ਸਸਾਰ ਦੇ ਸਾਰੇ ਮਨੁਖ ਸਜਣ ਤੇ ਮਿੱਤ੍ਰ ਪ੍ਰਤੀਤ ਹੁੰਦੇ ਹਨ। ਦ੍ਵੈਤਾਂ ਦੀ ਮਨ ਵਿਚ ਥਾਂ ਨਹੀਂ ਰਹਿੰਦੀ। ਅੰਦਰ ਤੇ ਬਾਹਰ ਪਾਰਬ੍ਰਹਮ ਦਾ ਹੀ ਪ੍ਰਕਾਸ਼ ਨਜ਼ਰ ਆਉਂਦਾ ਹੈ ਤੇ ਆਤਮਾ ਸਦਾ ਪ੍ਰਸੰਨ ਰਹਿੰਦੀ ਹੈ। ਅਨਹਦ ਸ਼ਬਦ ਦੇ ਦੈਵੀ ਰਾਗ ਦੇ ਵਾਜੇ ਹਰ ਸਮੇਂ ਮਨ ਵਿਚ ਵਜਦੇ ਰਹਿੰਦੇ ਹਨ।

**ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ ॥**
**ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀ ਬਲਿਰਾਮ ਜੀਉ ॥**
**ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥**
**ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥**
**ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥**
**ਜਨੁ ਨਾਨਕ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥ ੩ ॥**

ਇਸ ਪਉੜੀ ਤੇ ਪੁਜ ਕੇ ਮਨ ਵਿਚ ਪ੍ਰਮਾਤਮਾ ਦੇ ਮਿਲਾਪ ਦਾ ਹਰ ਵੇਲੇ ਉਤਸ਼ਾਹ ਰਹਿੰਦਾ ਹੈ—ਉਹ ਪੁਰਸ਼ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿੰਦੇ ਹਨ। ਤੇ ਨਿਰੰਕਾਰ ਪ੍ਰੀਤਮ ਦੇ ਮਿਲਾਪ ਲਈ ਵਿਰਾਗੀ ਹੋ ਜਾਂਦੇ ਹਨ।

**ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿਰਾਮ ਜੀਉ ॥**
**ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿਤਨਿ ਮੀਠਾ ਲਾਇਆ ਬਲਿਰਾਮ ਜੀਉ ॥**
**ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿਲਿਵ ਲਾਈ ॥**
**ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥**
**ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥**
**ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥ ੪ ॥**

ਨਿਰੰਕਾਰ ਦੀ ਮਿਹਰ ਕਾਰਨ ਆਤਮਾ ਸਹਿਜ ਅਵਸਥਾ ਪ੍ਰਾਪਤ ਕਰਕੇ ਸ਼ਾਂਤ ਤੇ ਅਡੋਲ ਹੋ ਜਾਂਦੀ ਹੈ। ਆਪਣੇ ਅਸਲ ਰੂਪ ਵਿਚ ਟਿਕ ਜਾਂਦੀ ਹੈ। ਮਨੁਖ ਦਾ ਜੀਵਨ ਕੁਦਰਤੀ ਜੀਵਨ ਹੁੰਦਾ ਹੈ। ਨੇਕੀ ਤੇ ਸਦਾਚਾਰ ਦੇ ਗੁਣ ਸੁਭਾਵਕ ਹੀ ਅੰਦਰੋਂ ਫੁਟ ਨਿਕਲਦੇ ਹਨ।



Sri Satguru Jagjit Singh Ji eLibrary NamdhariElibrary@gmail.com

ਜੀਵਨ ਮਿੱਠਾ ਤੇ ਸੁਆਦਲਾ ਹੋ ਜਾਂਦਾ ਹੈ। ਹਿਰਦੇ ਵਿਚ ਖੇੜਾ ਹੀ ਖੇੜਾ ਹੁੰਦਾ ਹੈ ਕਿਉਂਕਿ ਮਨੁਖ ਦੀ ਆਤਮਾ ਆਪਣੇ ਅਸਲੇ ਨੂੰ ਪਛਾਣ ਲੈਂਦੀ ਹੈ।

## ਰਾਗ ਸੂਹੀ ਛੰਤ ਮਹਲਾ ੧ ਘਰ ੪ ॥

੫. ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ............

## ਸਿਰੀ ਰਾਗ ਮਹਲਾ ੪ ਘਰ ੨ ॥

੬. ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥
ਅਗਿਆਨ ਅੰਧੇਰਾ ਕਟਿਆ ਗੁਰ ਗਿਆਨ ਪ੍ਰਚੰਡੁ ਬਲਾਇਆ ॥
ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥
ਹਉਮੈ ਰੋਗੁ ਗਇਆ ਦੁਖ ਲਾਥਾ ਆਪੁ ਆਪੈ ਗੁਰਮਤਿ ਖਾਧਾ ॥
ਅਕਾਲ ਮੂਰਤਿ ਵਰ ਪਾਇਆ ਅਬਿਨਾਸੀ ਨ ਕਦੇ ਮਰੈ ਨ ਜਾਇਆ ॥
ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥ ੨ ॥

## ਵਡਿਹੰਸ ਮਹਲਾ ੫ ਛੰਤ ਘਰ ੪ ਪਉੜੀ ੪

੭. ਪੂਰੀ ਆਸਾ ਜੀ ਮਨਸਾ ਮੇਰੇ ਰਾਮ ॥
ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ ॥
ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ ॥
ਗੁਣ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨਮਾਹੀ ॥
ਨਉਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ ॥
ਕਹੁ ਨਾਨਕ ਮੈ ਵਰੁ ਘਰਿ ਪਾਇਆ
ਮੇਰੇ ਲਾਥੇ ਜੀ ਸਗਲ ਵਿਸੂਰੇ ॥ ੪ ॥ ੧ ॥

੮. ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥.........

ਦੀਵਾਨ ਦੀ ਸਮਾਪਤੀ ਦੀ ਅਰਦਾਸ.........

ਵਾਕ .........



PL-0445

Sri Satguru Jagjit Singh Ji eLibrary NamdhariElibrary@gmail.com

ਤੇਜ ਪ੍ਰਿੰਟਿੰਗ ਪ੍ਰੈਸ, ਕਟੜਾ ਸ਼ੇਰ ਸਿੰਘ ਅੰਮ੍ਰਿਤਸਰ।

Sri Satguru Jagjit Singh Ji eLibrary NamdhariElibrary@gmail.com